## ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ੍ਹ ਵੱਲੋਂ ਪੰਜਾਬ ਦੇ 22 ਜਿਲ੍ਹਿਆਂ ਵਿਚ ਪੈਰਾ ਲੀਗਲ ਵਲੰਟੀਅਰਜ਼ ਦੀ ਚੋਣ ਹੇਤੂ ਚਾਹਵਾਨ ਬਿਨੈਕਾਰਾਂ ਲਈ ਸੂਚਨਾ।

ਪੈਰਾ ਲੀਗਲ ਵਲੰਟੀਅਰ ਦੀ ਚੋਣ ਲਈ ਸ਼ਰਤਾਂ :-

1. ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ੍ਹ ਵੱਲੋਂ ਪੰਜਾਬ ਦੇ 22 ਜਿਲ੍ਹਿਆਂ ਵਿੱਚ ~~1000~~ 976 ਪੈਰਾ ਲੀਗਲ ਵਲੰਟੀਅਰਜ਼ ਦੀ ਭਰਤੀ ਕੀਤੀ ਜਾਣੀ ਹੈ (ਜਿਸਦੀ ਡੀਟੇਲ ਨਾਲ ਨੱਥੀ ਹੈ)। ਇਹ ਭਰਤੀ ਸਬੰਧਤ ਜਿਲ੍ਹਿਆਂ ਦੇ ਮਾਨਯੋਗ ਜਿਲ੍ਹਾ ਤੇ ਸ਼ੈਸ਼ਨ ਜੱਜ ਸਾਹਿਬ ਰਾਹੀਂ ਕੀਤੀ ਜਾਣੀ ਹੈ।
2. ਬਿਨੈ-ਪੱਤਰ 6 ਜੁਲਾਈ 2017 ਸ਼ਾਮ 5.00 ਵਜੇ ਤੱਕ ਸਬੰਧਤ ਜਿਲ੍ਹਿਆ ਵਿੱਚ ਬਣੇ ਜਿਲ੍ਹਾ ਕੋਰਟ ਕੰਪਲੈਕਸ (ਸ਼ੈਸ਼ਨ ਕੋਰਟ ਕੰਪਲੈਕਸ) ਵਿੱਚ ਸਥਿਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਦੇ ਦਫਤਰ ਵਿਖੇ ਲਏ ਜਾਣਗੇ। ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ-ਪੱਤਰਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
3. ਇੰਟਰਵਿਊ ਦੇ ਸਥਾਨ ਅਤੇ ਸਮੇਂ ਦੀ ਜਾਣਕਾਰੀ ਬਿਨੈਕਾਰ ਸਬੰਧਤ ਜਿਲ੍ਹੇ ਦੇ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਦਫਤਰ ਤੋਂ ਪਤ੍ਹਾ ਕਰ ਸਕਦਾ ਹੈ।
4. ਕਿਉਂਕਿ ਪੀ.ਐਲ.ਵੀ. ਦੀ ਚੋਣ ਲੋਕਾਂ ਨੂੰ ਕਾਨੂੰਨੀ ਸਾਖਰਤਾ ਪ੍ਰਦਾਨ ਕਰਨ ਲਈ, ਨਾਲਸਾ ਸਕੀਮ ਦੇ ਪ੍ਰਚਾਰ, ਮੁਫਤ ਕਾਨੂੰਨੀ ਸੇਵਾਵਾਂ ਲਈ ਲੋਕਾਂ ਨੂੰ ਸੈਮੀਨਾਰ ਰਾਹੀਂ ਜਾਣਕਾਰੀ ਦੇਣ ਅਤੇ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕੰਮਕਾਰਜ ਲਈ ਕੀਤੀ ਜਾਂਦੀ ਹੈ, ਇਸ ਲਈ ਉਹੀ ਵਿਅਕਤੀ ਸਵੈ ਇਛੁੱਕ ਪ੍ਰਾਰਥੀ ਵਜੋਂ ਪੀ.ਐਲ.ਵੀ ਨਿਯੁਕਤ ਹੋਣ ਲਈ ਦਰਖਾਸਤ ਦੇਣ ਜਿਨ੍ਹਾਂ ਨੇ ਇਸ ਖੇਤਰ ਵਿਚ ਨਿਸ਼ਕਾਮ ਸੇਵਾ ਪ੍ਰਦਾਨ ਕਰਨੀ ਹੋਵੇ । ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਬਤੌਰ ਪੀ.ਐਲ.ਵੀ. ਸੇਵਾਵਾਂ ਦੇਣ ਵਾਲੇ ਪ੍ਰਾਰਥੀ ਨੂੰ ਵੇਜਜ਼/ਮਿਹਨਤਾਨਾ ਨਹੀਂ ਦਿਤਾ ਜਾਵੇਗਾ। ਉਹਨਾਂ ਨੂੰ ਬਤੌਰ ਪੀ.ਐਲ.ਵੀ. ਨਿਯੁਕਤ ਹੋ ਜਾਣ ਉਪਰੰਤ ਬਤੌਰ ਮਾਣਭੱਤਾ 400/- ਰੁਪਏ ਸਿਰਫ ਉਸ ਦਿਨ ਦੇ ਲਈ ਹੀ ਦਿੱਤੇ ਜਾਣਗੇ ਜਿਸ ਦਿਨ ਪੀ.ਐਲ.ਵੀ ਨੂੰ ਦਫਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਾਸੋਂ ਕੋਈ ਕੰਮ ਕਰਨ ਲਈ ਮਿਲੇਗਾ। ਇਸ ਮਾਣਭੱਤੇ ਵਿੱਚ ਵਾਧਾ ਜਾਂ ਕਟੌਤੀ ਕੇਵਲ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ੍ਹ ਜੀਆਂ ਦੁਆਰਾ ਸਮੇਂ-ਸਮੇਂ ਸਿਰ ਨਿਸ਼ਚਿਤ ਕੀਤੇ ਜਾਣ ਵਾਲੇ ਨਿਯਮਾਂ ਅਨੁਸਾਰ ਹੀ ਹੋਵੇਗਾ।

5। ਪੀ.ਐਲ.ਵੀ. ਦੀ ਚੋਣ ਮਾਨਯੋਗ ਜ਼ਿਲਾ ਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਦੀ ਪ੍ਰਧਾਨਗੀ ਹੇਠ ਗਠਿਤ ਕਮੇਟੀ ਲਈ ਗਈ ਇੰਟਰਵਿਊ ਦੁਆਰਾ ਕੀਤੀ ਜਾਵੇਗੀ।

6। ਇਸ ਲਈ ਹੇਠ ਲਿਖੇ ਵਿਯਕਤੀ ਪੀ ਐਲ ਵੀ ਚੁਣੇ ਜਾ ਸਕਦੇ ਹਨ :-

- Teachers (including retired teachers)
- Retired Government servants and senior citizens.
- M.S.W students and teachers.
- Anganwadi Workers.

- Doctors/Physicians.
- Students & Law Students (till they enroll as lawyers).
- Members of non-political, service oriented NGOs and Clubs.
- Members of Women Neighbourhood Groups, Maithri Sanghams and other Self Help Groups including of marginalized/vulnerable groups.
- Educated prisoners with good behaviour, serving long term sentences in prisons.
- Any other person whom the District Legal Services Authority or Taluk Legal Services Committee deems fit to be identified as PLVs.

7। ਇੰਟਰਵਿਊ ਦੇ ਸਥਾਨ ਅਤੇ ਸਮੇਂ ਦੀ ਜਾਣਕਾਰੀ ਪ੍ਰਾਪਤ ਕਰਨਾ ਬਿਨੈਕਾਰ ਦੀ ਆਪਣੀ ਜਿੰਮੇਵਾਰੀ ਹੋਵੇਗੀ। ਇੰਟਰਵਿਊ ਦੇ ਸਥਾਨ ਅਤੇ ਸਮੇਂ ਦੀ ਜਾਣਕਾਰੀ ਸਬੰਧੀ ਅਲੱਗ ਤੌਂ ਕੋਈ ਪੱਤਰ ਕਿਸੇ ਵੀ ਬਿਨੈਕਾਰ ਨੂੰ ਜਾਰੀ ਨਹੀਂ ਕੀਤਾ ਜਾਵੇਗਾ।

੮. ਜੇਕਰ ਕੋਈ ਵੀ ਬਿਨੈਕਾਰ ਇੰਟਰਵਿਊ ਦੇ ਦੱਸੇ ਸਮੇਂ ਤੋਂ ਬਾਅਦ ਨਿਸ਼ਚਿਤ ਸਥਾਨ ਤੇ ਪੁੱਜਦਾ ਹੈ ਤਾਂ ਉਸਦੀ ਜੁਮੇਵਾਰੀ ਬਿਨੈਕਾਰ ਦੀ ਆਪਣੀ ਹੋਵੇਗੀ ਅਤੇ ਉਸਦੇ ਬਿਨੈ-ਪੱਤਰ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

9. ਚੋਣ ਕੀਤੇ ਜਾਣ ਉਪਰੰਤ ਪੈਰਾ ਲੀਗਲ ਵਲੰਟੀਅਰਜ਼ ਨੂੰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ, ਵੱਲੋਂ ਟ੍ਰੇਨਿੰਗ ਦਿੱਤੀ ਜਾਵੇਗੀ।

10। ਬਿਨੈਕਾਰ ਦੀ ਉਮਰ 18 ਸਾਲ ਤੋਂ ਘੱਟ ਨਾ ਹੋਵੇ।

11. ਬਿਨੈਕਾਰ ਵੱਲੋਂ ਬਿਨੈ ਪੱਤਰ ਦੇ ਨਾਲ ਇੱਕ ਸਵੈ-ਘੋਸ਼ਣਾ ਪੱਤਰ ਵੀ ਦਿੱਤਾ ਜਾਵੇ। ਜਿਸ ਵਿੱਚ ਬਿਨੈਕਾਰ ਵੱਲੋਂ ਲਿਖਿਆ ਜਾਵੇ ਕਿ ਉਸ ਤੇ ਕਿਸੇ ਵੀ ਤਰਾਂ ਦਾ ਦੀਵਾਨੀ ਜਾਂ ਫੌਜਦਾਰੀ ਕੇਸ ਕਿਸੇ ਵੀ ਅਦਾਲਤ ਵਿੱਚ ਨਹੀ ਚੱਲ ਰਿਹਾ ਅਤੇ ਨਾ ਹੀ ਉਹ ਕਿਸੇ ਤਰਾਂ ਦੀ ਰਾਜਨੀਤਿਕ ਸੰਗਠਨ ਨਾਲ ਸਬੰਧ ਰੱਖਦਾ ਹੈ। ਜਾਣਕਾਰੀ ਗਲਤ ਪਾਏ ਜਾਣ ਦੀ ਸੂਰਤ ਵਿੱਚ ਬਿਨੈਕਾਰ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

12. ਅਧੂਰੇ ਬਿਨੈ-ਪੱਤਰਾਂ/ਐਪਲੀਕੇਸ਼ਨਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਬਿਨਾਂ ਕਿਸੇ ਨੋਟਿਸ ਦੇ ਬਿਨੈ-ਪੱਤਰਾਂ/ਐਪਲੀਕੇਸ਼ਨਾਂ ਖਾਰਜ ਕਰ ਦਿੱਤੀਆਂ ਜਾਣਗੀਆਂ।

13. ਬਿਨੈਕਾਰ ਨੂੰ ਇੰਟਰਵਿਊ ਲਈ ਬੁਲਾਏ ਗਏ ਦਿਨ ਦਾ ਉਸਨੂੰ ਕੋਈ ਟੀ.ਏ/ਡੀ.ਏ ਜਾਂ ਮਾਣਭੱਤਾ ਨਹੀ ਦਿੱਤਾ ਜਾਵੇਗਾ।

| Sr.No | Name of District | Total Required PLVs |
|---|---|---|
| 1 | Amritsar | 60 |
| 2 | Bathinda | 50 |
| 3 | Barnala | 35 |
| 4 | Fatehgarh Sahib | 10 |
| 5 | Faridkot | 40 |
| 6 | Fazilka | 40 |
| 7 | Ferozepur | 60 |
| 8 | Gurdaspur | 30 |
| 9 | Hoshiarpur | 64 |
| 10 | Jallandhar | 30 |
| 11 | Kapurthala | 30 |
| 12 | Ludhiana | 60 |
| 13 | Mansa | 50 |
| 14 | Moga | 50 |
| 15 | Patiala | 60 |
| 16 | Pathankot | 45 |
| 17 | Roopnagar | 50 |
| 18 | Sangrur | 50 |
| 19 | SAS Nagar | 30 |
| 20 | SBS Nagar | 50 |
| 21 | Sri Muktsar Sahib | 52 |
| 22 | Tarntaran | 30 |
| | Total | 976 |